# ਅਧਿਆਇ 3

# ਲੇਵੀਆਂ ਨੂੰ ਸੰਬੋਧਿਤ ਕਰਨਾ

ਹਾਲਾਂਕਿ ਲੇਵੀ ਪੁਰਸ਼ਾਂ ਨੂੰ ਆਖ਼ਰਕਾਰ ਗਿਣਿਆ ਜਾਵੇਗਾ, ਪਰਮੇਸ਼ੁਰ ਨੇ ਹੁਕਮ ਦਿੱਤਾ ਸੀ ਕਿ ਉਨ੍ਹਾਂ ਨੂੰ ਗਿਣਤੀ ਵਿਚ ਸ਼ਾਮਲ ਨਾ ਕੀਤਾ ਜਾਵੇ ਜਿਸ ਦਾ ਵਰਣਨ ਗਿਣਤੀ ਦੀ ਪੁਸਤਕ ਅਧਿਆਇ 1 ਵਿਚ ਕੀਤਾ ਗਿਆ ਸੀ। ਇਸ ਅਧਿਆਇ ਵਿਚ, ਲੇਵੀਆਂ ਦਾ ਗਿਣਤੀ ਕਰਨ ਦਾ ਸਮਾਂ ਆ ਚੁੱਕਾ ਸੀ। ਇਸ ਗਿਣਤੀ ਦਾ ਇਕ ਅਨੂਠਾ ਉਦੇਸ਼ ਹੋਵੇਗਾ।

ਲੇਵੀਆਂ ਦੀ ਸੂਚੀ ਕੌਮ ਵਿਚ ਪਲੋਠਿਆਂ ਦੀ ਕੁੱਲ ਗਿਣਤੀ ਨਾਲ ਉਸ ਦੀ ਗਿਣਤੀ ਦਾ ਮਿਲਾਨ ਕਰਨ ਦੇ ਲਈ ਗਈ ਸੀ। ਇਹ ਗਿਣਤੀ ਇਨ੍ਹਾਂ ਲੇਵੀ ਸੇਵਕਾਂ ਦੀ ਭੂਮਿਕਾ ਬਾਰੇ ਹੋਰ ਅਹਿਮ ਵੇਰਵੇ ਦੇਣ ਵਿਚ ਵੀ ਮਦਦ ਕਰੇਗੀ।

## ਜਾਜਕਾਂ ਦਾ ਪਰਿਵਾਰ (3:1-4)

**[1]ਏਹ ਹਾਰੂਨ ਅਰ ਮੂਸਾ ਦੀ ਕੁਲ ਪੱਤ੍ਰੀ ਹੈ ਜਿਸ ਦਿਨ ਯਹੋਵਾਹ ਸੀਨਈ ਪਹਾੜ ਉੱਤੇ ਮੂਸਾ ਨਾਲ ਬੋਲਿਆ। [2]ਅਤੇ ਏਹ ਹਾਰੂਨ ਦੇ ਪੁੱਤ੍ਰਾਂ ਦੇ ਨਾਉਂ ਹਨ, - ਪਲੋਠਾ ਨਾਦਾਬ ਅਰ ਅਬੀਹੂ ਅਰ ਅਲਆਜ਼ਾਰ ਅਰ ਈਥਾਮਾਰ। [3]ਏਹ ਹਾਰੂਨ ਦੇ ਪੁੱਤ੍ਰਾਂ ਦੇ ਨਾਉਂ ਹਨ, ਓਹ ਜਾਜਕ ਜਿਹੜੇ ਮਸਹ ਕੀਤੇ ਗਏ ਅਤੇ ਜਿਨ੍ਹਾਂ ਨੂੰ ਉਸ ਨੇ ਜਾਜਕਾਈ ਲਈ ਥਾਪਿਆ। [4]ਨਾਦਾਬ ਅਰ ਅਬੀਹੂ ਯਹੋਵਾਹ ਦੇ ਸਨਮੁਖ ਮਰ ਗਏ ਜਦ ਓਹ ਸੀਨਈ ਦੀ ਉਜਾੜ ਵਿੱਚ ਯਹੋਵਾਹ ਦੇ ਸਨਮੁਖ ਓਪਰੀ ਅੱਗ ਲਿਆਏ ਅਤੇ ਉਨ੍ਹਾਂ ਦੇ ਪੁੱਤ੍ਰ ਨਹੀਂ ਸਨ ਸੋ ਅਲਆਜ਼ਾਰ ਅਰ ਈਥਾਮਾਰ ਆਪਣੇ ਪਿਤਾ ਹਾਰੂਨ ਦੇ ਅੱਗੇ ਜਾਜਕਾਈ ਦਾ ਕੰਮ ਕਰਦੇ ਸਨ।**

**ਆਇਤ 1.** ਜਦ ਕਿ ਇਹ ਅਧਿਆਇ ਲੇਵੀਆਂ ਦੇ ਸਮੁੱਚੇ ਗੋਤ ਅਤੇ ਉਨ੍ਹਾਂ ਦੇ ਕੰਮ ਨਾਲ ਸੰਬੰਧ ਰੱਖਦਾ ਹੈ, ਇਹ **ਹਾਰੂਨ ਅਰ ਮੂਸਾ** ਦੇ ਜਾਜਕਾਈ ਪਰਿਵਾਰ ਨਾਲ ਸ਼ੁਰੂ ਹੁੰਦਾ ਹੈ, ਕਿਉਂਕਿ ਲੇਵੀਆਂ ਨੇ ਡੇਹਰੇ ਦੀ ਸੇਵਾ ਵਿਚ ਜਾਜਕਾਂ ਦੀ ਮਦਦ ਕੀਤੀ ਸੀ। ਜਦੋਂ ਮੂਸਾ ਅਤੇ ਉਸ ਦੇ ਭਰਾ ਦਾ ਇਕੱਠਾ ਨਾਮ ਆਉਂਦਾ ਹੈ, ਤਾਂ ਮੂਸਾ ਦਾ ਨਾਮ ਆਮ ਤੌਰ ਤੇ ਪਹਿਲਾਂ ਹੀ ਆਉਂਦਾ ਹੈ। ਇਸ ਮਾਮਲੇ ਵਿਚ ਸ਼ਾਇਦ ਹਾਰੂਨ ਦਾ ਨਾਮ ਪਹਿਲਾਂ ਆਇਆ ਹੈ ਕਿਉਂਕਿ ਉਹ ਅਸਲੀ ਪਰਧਾਨ ਜਾਜਕ ਸੀ ਅਤੇ ਸੰਦਰਭ ਜਾਜਕਾਈ ਅਹੁਦੇ ਨਾਲ ਸੰਬੰਧ ਰੱਖਦਾ ਹੈ। ਮੂਸਾ ਨੂੰ ਹਾਰੂਨ ਦੇ ਵਾਂਗ ਮਸਹ ਨਹੀਂ ਸੀ ਕੀਤਾ ਗਿਆ, ਪਰ ਪਰਮੇਸ਼ੁਰ ਨੇ ਉਸ ਨੂੰ ਜਾਜਕ ਦੇ ਵਾਂਗ ਇਸਤੇਮਾਲ ਕੀਤਾ ਸੀ। ਪਰਮੇਸ਼ੁਰ ਦੇ ਬੁਲਾਰੇ ਦੇ ਤੌਰ ਤੇ, ਉਹ ਪਰਮੇਸ਼ੁਰ ਵੱਲੋਂ ਸਨੇਹਾ ਪ੍ਰਾਪਤ ਕਰਨ ਦੇ ਲਈ ਡੇਹਰੇ ਦੇ ਅੰਦਰ ਦਾਖ਼ਲ ਹੁੰਦਾ ਸੀ। ਕਦੇ-ਕਦੇ ਉਹ ਪਰਮੇਸ਼ੁਰ ਅਤੇ ਉਸ ਦੀ ਪਰਜਾ ਦੇ ਵਿਚਕਾਰ ਇਕ ਵਿਚੋਲਾ ਸੀ।

ਹਾਰੂਨ ਅਤੇ ਮੂਸਾ ਦੀ ਕੁਲਪੱਤ੍ਰੀ ਉਸ ਸਮੇਂ ਦੇ ਸੰਦਰਭ ਵਿਚ ਦਿੱਤੀ ਗਈ ਹੈ **ਜਿਸ ਦਿਨ ਯਹੋਵਾਹ ਸੀਨਈ ਪਹਾੜ ਉੱਤੇ ਮੂਸਾ ਨਾਲ ਬੋਲਿਆ।** ਵਰਤੀ ਗਈ ਸ਼ਬਦਾਵਲੀ, **ਏਹ … ਕੁਲ ਪਤ੍ਰੀ** (תּוֹלְדֹת אֵלֶּה, *'ਏਲਹ ਥੋਲਡੋਥ)*, ਉਹੀ ਸ਼ਬਦ ਹੈ ਜਿਹੜਾ ਵਿਰਤਾਂਤ ਵਿਚ ਗੱਲਾਂ ਨੂੰ

ਵੰਡਣ ਦੇ ਰੂਪ ਵਿਚ ਉਤਪਤ ਵਿਚ ਦਸ ਵਾਰ ਮਿਲਦਾ ਹੈ।[1] ਅਜਿਹਾ ਦੁਹਰਾਉਣਾ ਇਹ ਇਸ਼ਾਰਾ ਕਰਦਾ ਹੈ ਕਿ ਪੰਚਗ੍ਰੰਥ ਦਾ ਉਦੇਸ਼ ਸੀ ਕਿ ਇਸ ਨੂੰ ਇਕ ਸਮੁੱਚੀ, ਸੰਯੁਕਤ ਵਿਸ਼ੇ ਨਾਲ ਇੱਕੋ ਰਚਨਾ ਦੇ ਰੂਪ ਵਿਚ ਸਮਝਿਆ ਜਾਵੇ। ਇਸ ਆਇਤ ਵਿਚ **ਦੀ ਕੁਲ ਪਤ੍ਰੀ** ਸ਼ਬਦ ਸਪੱਸ਼ਟੀਕਰਨ ਦੇ ਲਈ ਅਨੁਵਾਦਕਾਂ ਦੁਆਰਾ ਪਾਇਆ ਗਿਆ ਹੈ।

**ਆਇਤਾਂ 2-4.** ਜਿਵੇਂ-ਜਿਵੇਂ ਇਹ ਸੂਚੀ ਅੱਗੇ ਵਧਦੀ ਜਾਂਦੀ ਹੈ, **ਹਾਰੂਨ ਦੇ** ਚਾਰ **ਪੁੱਤ੍ਰਾਂ**, **ਜਿਨ੍ਹਾਂ ਨੂੰ ਜਾਜਕਾਈ ਲਈ ਥਾਪਿਆ ਗਿਆ** ਸੀ, ਸ਼ਾਮਲ ਕੀਤਾ ਗਿਆ ਹੈ। ਦੋ ਵੱਡੇ ਪੁੱਤਰ, **ਪਲੋਠਾ ਨਾਦਾਬ** ਅਤੇ **ਅਬੀਹੂ** ਉਹ ਸਨ ਜਿਹੜੇ **ਯਹੋਵਾਹ ਦੇ ਸਨਮੁਖ ਮਰ ਗਏ ਜਦ ਓਹ ਸੀਨਈ ਦੀ ਉਜਾੜ ਵਿੱਚ ਯਹੋਵਾਹ ਦੇ ਸਨਮੁਖ ਓਪਰੀ ਅੱਗ ਲਿਆਏ** (ਵੇਖੋ ਲੇਵੀਆਂ 10)। ਇਹ ਦੋਵੇਂ ਮਰ ਗਏ ਅਤੇ **ਉਨ੍ਹਾਂ ਦੇ ਪੁੱਤ੍ਰ ਨਹੀਂ ਸਨ**। ਇਸ ਕਾਰਨ ਪਿੱਛੇ ਸਿਰਫ ਦੋ ਜਵਾਨ ਪੁੱਤਰ ਰਹਿ ਗਏ, **ਅਲਆਜ਼ਾਰ ਅਰ ਈਥਾਮਾਰ**, ਜਿਹੜੇ **ਆਪਣੇ ਪਿਤਾ ਹਾਰੂਨ ਦੇ ਅੱਗੇ ਜਾਜਕਾਈ ਦਾ ਕੰਮ ਕਰਦੇ ਸਨ**।

## ਲੇਵੀਆਂ ਦੀ ਭੂਮਿਕਾ (3:5-10)

**5ਯਹੋਵਾਹ ਮੂਸਾ ਨੂੰ ਬੋਲਿਆ 6ਕਿ ਲੇਵੀ ਦੇ ਗੋਤ ਨੂੰ ਨੇੜੇ ਲਿਆ ਅਤੇ ਉਨ੍ਹਾਂ ਨੂੰ ਹਾਰੂਨ ਦੇ ਜਾਜਕ ਦੇ ਅੱਗੇ ਖੜਾ ਕਰ ਤਾਂ ਜੋ ਓਹ ਉਸ ਦੀ ਸੇਵਾ ਕਰਨ। 7ਅਤੇ ਓਹ ਉਸ ਦਾ ਫ਼ਰਜ਼ ਅਤੇ ਸਾਰੀ ਮੰਡਲੀ ਦਾ ਫ਼ਰਜ਼ ਮੰਡਲੀ ਦੇ ਤੰਬੂ ਦੇ ਅੱਗੇ ਪੂਰਾ ਕਰਨ ਭਈ ਓਹ ਡੇਹਰੇ ਦੀ ਟਹਿਲ ਸੇਵਾ ਕਰਨ। 8ਅਤੇ ਓਹ ਮੰਡਲੀ ਦੇ ਤੰਬੂ ਦਾ ਸਾਰਾ ਸਾਮਾਨ ਸਮ੍ਹਾਲਣ ਅਤੇ ਇਸਰਾਏਲੀਆਂ ਦਾ ਫ਼ਰਜ਼ ਪੂਰਾ ਕਰਨ ਜਦ ਓਹ ਡੇਰਹੇ ਦੀ ਟਹਿਲ ਸੇਵਾ ਕਰਨ। 9ਅਤੇ ਤੂੰ ਲੇਵੀਆਂ ਨੂੰ ਹਾਰੂਨ ਅਰ ਉਸ ਦੇ ਪੁੱਤ੍ਰਾਂ ਨੂੰ ਦੇਈਂ। ਏਹ ਪੂਰੀ ਤੌਰ ਨਾਲ ਇਸਰਾਏਲੀਆਂ ਵਿੱਚੋਂ ਉਨ੍ਹਾਂ ਨੂੰ ਦਿੱਤੇ ਗਏ ਹਨ। 10ਤੂੰ ਹਾਰੂਨ ਅਰ ਉਸ ਦੇ ਪੁੱਤ੍ਰਾਂ ਨੂੰ ਠਹਿਰਾਈਂ ਤਾਂ ਜੋ ਓਹ ਆਪਣੀ ਜਾਜਕਾਈ ਸਾਂਭਣ ਪਰ ਓਪਰਾ ਜਿਹੜਾ ਨੇੜੇ ਆਵੇ ਮਾਰਿਆ ਜਾਵੇ।**

**ਆਇਤਾਂ 5-8.** 3:5-10 ਦਾ ਪੈਰ੍ਹਾ ਲੇਵੀਆਂ ਦੀ ਭੂਮਿਕਾ ਦਾ ਵਰਣਨ ਕਰਦਾ ਹੈ। ਪਰਮੇਸ਼ੁਰ ਨੇ ਮੂਸਾ ਨੂੰ ਆਖਿਆ, **ਲੇਵੀ ਦੇ ਗੋਤ ਨੂੰ ਨੇੜੇ ਲਿਆ ਅਤੇ ਉਨ੍ਹਾਂ ਨੂੰ ਹਾਰੂਨ ਦੇ ਜਾਜਕ ਦੇ ਅੱਗੇ ਖੜਾ ਕਰ ਤਾਂ ਜੋ ਓਹ ਉਸ ਦੀ ਸੇਵਾ ਕਰਨ।** ਜਦੋਂ ਲੇਵੀਆਂ ਨੇ ਜਾਜਕਾਂ ਦੀ ਟਹਿਲ ਸੇਵਾ ਕਰਨੀ ਸੀ, ਉਨ੍ਹਾਂ ਨੇ **ਉਸ** [ਹਾਰੂਨ] **ਦਾ ਫ਼ਰਜ਼ ਅਤੇ ਸਾਰੀ ਮੰਡਲੀ ਦਾ ਫ਼ਰਜ਼ ਮੰਡਲੀ ਦੇ ਤੰਬੂ ਦੇ ਅੱਗੇ ਪੂਰਾ ਕਰਨਾ ਸੀ** ਅਤੇ **ਡੇਹਰੇ ਦੀ ਟਹਿਲ ਸੇਵਾ ਕਰਨ** ਵਿਚ ਮਦਦ ਕਰਨੀ ਸੀ। ਇਸ ਤੋਂ ਇਲਾਵਾ, ਉਨ੍ਹਾਂ ਨੂੰ **ਮੰਡਲੀ ਦੇ ਤੰਬੂ ਦਾ ਸਾਰਾ ਸਾਮਾਨ** ਸੰਭਾਲਣ ਦੇ ਲਈ ਨਿਯੁਕਤ ਕੀਤਾ ਗਿਆ ਸੀ।

**ਆਇਤਾਂ 9, 10. ਹਾਰੂਨ ਅਰ ਉਸ ਦੇ ਪੁੱਤ੍ਰ ਜਾਜਕਾਈ ਸਾਂਭਣਗੇ** ਅਤੇ **ਲੇਵੀਆਂ ਨੂੰ ਪੂਰੇ ਤੌਰ ਨਾਲ ਇਸਰਾਏਲੀਆਂ ਵਿੱਚੋਂ ਹਾਰੂਨ ਅਰ ਉਸ ਦੇ ਪੁੱਤ੍ਰਾਂ ਨੂੰ ਦਿੱਤਾ ਜਾਣਾ** ਸੀ। ਇਹ ਲੇਵੀ ਹੀ ਉਹ ਲੋਕ ਸਨ ਜਿਨ੍ਹਾਂ ਨੂੰ ਡੇਹਰੇ ਨੂੰ ਇਕ ਥਾਂ ਤੋਂ ਚੁੱਕ ਕੇ ਦੂਜੀ ਥਾਂ ਤੇ ਲੈ ਕੇ ਜਾਣ ਲਈ ਪ੍ਰਵਾਨਗੀ ਦਿੱਤੀ ਗਈ ਸੀ ਜਦੋਂ ਇਸਰਾਏਲੀ ਉਜਾੜ ਵਿਚ ਸਫ਼ਰ ਕਰਦੇ ਸਨ। ਪਰਤੱਖ ਰੂਪ ਵਿਚ, ਅਣਅਧਿਕਾਰਤ ਵਿਅਕਤੀਆਂ ਨੂੰ ਡੇਹਰੇ ਦੇ ਹਾਤੇ ਤੋਂ ਦੂਰ ਰੱਖਣ ਦੇ ਲਈ ਪਹਿਰੇਦਾਰਾਂ ਦਾ ਕੰਮ ਵੀ ਕਰਦੇ ਸਨ।

ਇਹ ਪੈਰ੍ਹਾ ਪਰਮੇਸ਼ੁਰ ਦੇ ਇਸ ਕਥਨ ਨਾਲ ਖਤਮ ਹੁੰਦਾ ਹੈ ਕਿ ਹਾਰੂਨ ਅਰ ਉਸ ਦੇ ਪੁੱਤ੍ਰਾਂ ਨੂੰ ਜਾਜਕ ਠਹਿਰਾਇਆ ਜਾਣਾ ਸੀ - ਜਿਸ ਨੇ, ਭਾਵ-ਅਰਥ ਅਨੁਸਾਰ, ਉਨ੍ਹਾਂ ਨੂੰ ਡੇਹਰੇ ਵਿਚ

ਟਹਿਲ ਸੇਵਾ ਕਰਨ ਦਾ ਹੱਕ ਦਿੱਤਾ। ਤੁਲਨਾ ਵਿਚ, ਪਰਮੇਸ਼ੁਰ ਨੇ ਆਖਿਆ ਕਿ **ਓਪਰਾ ਜਿਹੜਾ ਨੇੜੇ ਆਵੇ** ਉਹ **ਮਾਰਿਆ** ਜਾਣਾ ਸੀ। ਇੱਥੇ "ਓਪਰਾ" (זָר, *ਜ਼ਾਰ)* ਜਿਵੇਂ ਕਿ 1:51 ਵਿਚ ਹੈ, ਦਾ ਅਰਥ ਹੈ "ਅਜਨਬੀ" (KJV) ਜਾਂ ਜਾਜਕਾਂ ਤੋਂ ਇਲਾਵਾ "ਕੋਈ ਹੋਰ" (NIV)। NRSV ਬਾਈਬਲ ਇਸ ਦਾ ਅਨੁਵਾਦ "ਕੋਈ ਬਾਹਰਲਾ ਵਿਅਕਤੀ" ਵਜੋਂ ਕਰਦੀ ਹੈ। ਜਾਜਕਾਂ ਤੋਂ ਸਿਵਾ ਕਿਸੇ ਨੂੰ ਡੇਹਰੇ (ਤੰਬੂ) ਵਿਚ ਜਾਣ ਦੀ ਇਜਾਜ਼ਤ ਨਹੀਂ ਸੀ। ਇਸ ਨਿਯਮ ਨੂੰ ਤੋੜਨ ਵਾਲੇ ਦੇ ਲਈ ਮੌਤ ਦੀ ਸਜ਼ਾ ਸੀ।

## ਲੇਵੀਆਂ ਦੀ ਗਿਣਤੀ (3:11-39)

**11ਫੇਰ ਯਹੋਵਾਹ ਮੂਸਾ ਨੂੰ ਬੋਲਿਆ, 12ਮੈਂ, ਵੇਖ, ਮੈਂ ਲੇਵੀਆਂ ਨੂੰ ਇਸਰਾਏਲੀਆਂ ਵਿੱਚੋਂ ਸਾਰੇ
ਪਲੋਠਿਆਂ ਦੇ ਥਾਂ ਜਿਹੜੇ ਇਸਰਾਏਲੀਆਂ ਵਿੱਚ ਕੁੱਖ ਨੂੰ ਖੋਲ੍ਹਦੇ ਹਨ ਲੈ ਲਿਆ ਹੈ ਸੋ ਇਉਂ ਲੇਵੀ
ਮੇਰੇ ਹੋਣਗੇ। 13ਕਿਉਂ ਜੋ ਹਰ ਇੱਕ ਪਲੋਠਾ ਮੇਰਾ ਹੈ ਜਿਸ ਦਿਨ ਤੋਂ ਮੈਂ ਮਿਸਰ ਦੇਸ ਵਿੱਚ ਹਰ
ਇੱਕ ਪਲੋਠਾ ਮਾਰਿਆ। ਮੈਂ ਆਪਣੇ ਲਈ ਹਰ ਇੱਕ ਪਲੋਠਾ ਇਸਰਾਏਲ ਵਿੱਚ ਆਦਮੀ ਤੋਂ ਲੈਕੇ
ਡੰਗਰ ਤੀਕ ਪਵਿੱਤ੍ਰ ਕੀਤਾ, ਓਹ ਮੇਰੇ ਹੋਣਗੇ। ਮੈਂ ਯਹੋਵਾਹ ਹਾਂ।**

**14ਫੇਰ ਯਹੋਵਾਹ ਮੂਸਾ ਨਾਲ ਸੀਨਈ ਦੀ ਉਜਾੜ ਵਿੱਚ ਬੋਲਿਆ, 15ਲੇਵੀਆਂ ਨੂੰ ਗਿਣ। ਉਨ੍ਹਾਂ
ਦੇ ਪਿਤ੍ਰਾਂ ਦੇ ਘਰਾਣਿਆਂ ਅਤੇ ਉਨ੍ਹਾਂ ਦੇ ਟੱਬਰਾਂ ਅਨੁਸਾਰ ਗਿਣ। ਹਰ ਨਰ ਇੱਕ ਮਹੀਨੇ ਤੋਂ
ਉੱਪਰ ਦਾ ਗਿਣੀਂ 16ਉਪਰੰਤ ਮੂਸਾ ਨੇ ਜਿਵੇਂ ਉਹ ਨੂੰ ਹੁਕਮ ਮਿਲਿਆ ਉਨ੍ਹਾਂ ਨੂੰ ਯਹੋਵਾਹ ਦੇ ਬੋਲ
ਅਨੁਸਾਰ ਗਿਣਿਆ। 17ਏਹ ਲੇਵੀ ਦੇ ਪੁੱਤ੍ਰਾਂ ਦੇ ਨਾਉਂ ਸਨ, - ਗੇਰਸ਼ੋਨ, ਕਹਾਥ ਅਰ ਮਰਾਰੀ।
18ਏਹ ਗੇਰਸ਼ੋਨ ਦੇ ਪੁੱਤ੍ਰਾਂ ਦੇ ਨਾਉਂ ਹਨ ਉਨ੍ਹਾਂ ਦੇ ਟੱਬਰਾਂ ਅਨੁਸਾਰ, - ਲਿਬਨੀ ਅਰ ਸ਼ਿਮਈ।
19ਕਹਾਥ ਦੇ ਪੁੱਤ੍ਰ ਉਨ੍ਹਾਂ ਦੇ ਟੱਬਰਾਂ ਅਨੁਸਾਰ, - ਅਮਰਾਮ, ਯਿਸਹਾਰ, ਹਬਰੋਨ ਅਰ ਉੱਜ਼ੀਏਲ।
20ਮਰਾਰੀ ਦੇ ਪੁੱਤ੍ਰ ਉਨ੍ਹਾਂ ਦੇ ਟੱਬਰਾਂ ਅਨੁਸਾਰ, - ਮਹਲੀ ਅਰ ਮੂਸ਼ੀ। ਏਹ ਲੇਵੀ ਦੇ ਟੱਬਰ ਉਨ੍ਹਾਂ
ਦੇ ਪਿਤ੍ਰਾਂ ਦੇ ਘਰਾਣਿਆਂ ਅਨੁਸਾਰ ਹਨ।**

**21ਲਿਬਨੀਆਂ ਦਾ ਟੱਬਰ ਅਤੇ ਸ਼ਿਮਈਆਂ ਦਾ ਟੱਬਰ ਗੇਰਸ਼ੋਨ ਦੇ ਹਨ। ਏਹ ਗੇਰਸ਼ੋਨੀਆਂ
ਦੇ ਟੱਬਰ ਹਨ। 22ਅਤੇ ਨਰ ਜਿਹੜੇ ਗਿਣਤੀ ਵਿੱਚ ਆਏ ਇੱਕ ਮਹੀਨੇ ਤੋਂ ਉੱਪਰ ਦੇ ਸੱਤ ਹਜ਼ਾਰ
ਪੰਜ ਸੌ ਗਿਣੇ ਗਏ। 23ਗੇਰਸ਼ੋਨੀਆਂ ਦੇ ਟੱਬਰ ਡੇਹਰੇ ਦੇ ਪਿੱਛੇ ਲਹਿੰਦੇ ਪਾਸੇ ਡੇਰਾ ਲਾਉਣ 24ਅਤੇ
ਗੇਰਸ਼ੋਨੀਆਂ ਦੇ ਪਿਤ੍ਰਾਂ ਦੇ ਘਰਾਣੇ ਦਾ ਸਰਦਾਰ ਲਾਏਲ ਦਾ ਪੁੱਤ੍ਰ ਅਲਯਾਸਾਫ਼ ਹੋਵੇ।
25ਗੇਰਸ਼ੋਨੀਆਂ ਦੀ ਜੁੰਮੇਵਾਰੀ ਵਿੱਚ ਮੰਡਲੀ ਦੇ ਤੰਬੂ ਵਿੱਚ ਡੇਹਰਾ ਅਤੇ ਤੰਬੂ, ਉਹ ਦਾ ਢੱਕਣ
ਅਤੇ ਮੰਡਲੀ ਦੇ ਦਰਵੱਜੇ ਦੀ ਓਟ ਹੋਣ। 26ਨਾਲੇ ਹਾਤੇ ਦੀ ਕਨਾਤ ਅਤੇ ਹਾਤੇ ਦੇ ਦਰਵੱਜੇ ਦੀ
ਓਟ ਜਿਹੜਾ ਡੇਹਰੇ ਦੇ ਕੋਲ ਅਤੇ ਜਗਵੇਦੀ ਦੇ ਕੋਲ ਅਤੇ ਆਲੇ ਦੁਆਲੇ ਅਤੇ ਉਹ ਦੀਆਂ ਲਾਸਾਂ
ਉਹ ਦੀ ਸਾਰੀ ਟਹਿਲ ਸੇਵਾ ਲਈ।**

**27ਕਹਾਥ ਵਿੱਚੋਂ ਅਮਰਾਮੀਆਂ ਦਾ ਟੱਬਰ ਅਤੇ ਯਿਸਹਾਰੀਆਂ ਦਾ ਟੱਬਰ ਅਤੇ ਹਬਰੋਨੀਆਂ
ਦਾ ਟੱਬਰ ਅਤੇ ਉੱਜ਼ੀਏਲੀਆਂ ਦਾ ਟੱਬਰ ਸਨ। ਏਹ ਕਹਾਥ ਦੇ ਸਨ। 28ਸਾਰੇ ਨਰਾਂ ਦੀ ਗਿਣਤੀ
ਜਿਹੜੇ ਇੱਕ ਮਹੀਨੇ ਤੋਂ ਉੱਪਰ ਦੇ ਸਨ ਅੱਠ ਹਜ਼ਾਰ ਛੇ ਸੌ ਸੀ ਜਿਹੜੇ ਪਵਿੱਤ੍ਰ ਅਸਥਾਨ ਦੇ
ਜੁੰਮੇਵਾਰ ਸਨ। 29ਕਹਾਥੀਆਂ ਦੇ ਟੱਬਰ ਡੇਹਰੇ ਦੇ ਦੱਖਣ ਵੱਲ ਆਪਣਾ ਡੇਰਾ ਲਾਉਣ। 30ਅਤੇ
ਕਹਾਥੀਆਂ ਦੇ ਟੱਬਰਾਂ ਅਨੁਸਾਰ ਪਿਤ੍ਰਾਂ ਦੇ ਘਰਾਣੇ ਦਾ ਸਰਦਾਰ ਉੱਜ਼ੀਏਲ ਦਾ ਪੁੱਤ੍ਰ ਅਲੀਸਾਫ਼ਾਨ
ਹੋਵੇ। 31ਉਨ੍ਹਾਂ ਦੀ ਜੁੰਮੇਵਾਰੀ ਵਿੱਚ ਸੰਦੂਕ, ਮੇਜ਼, ਸ਼ਮਾਦਾਨ, ਜਗਵੇਦੀਆਂ ਅਰ ਪਵਿੱਤ੍ਰ ਅਸਥਾਨ
ਦਾ ਸਾਮਾਨ ਜਿਨ੍ਹਾਂ ਨਾਲ ਓਹ ਸੇਵਾ ਕਰਦੇ ਹਨ ਅਰ ਓਟ ਅਰ ਉਹ ਦੀ ਸਾਰੀ ਟਹਿਲ ਸੇਵਾ
ਹੋਣ। 32ਅਤੇ ਲੇਵੀਆਂ ਦੇ ਸਰਦਾਰਾਂ ਦਾ ਸਰਦਾਰ ਹਾਰੂਨ ਜਾਜਕ ਦਾ ਪੁੱਤ੍ਰ ਅਲਆਜ਼ਾਰ ਹੋਵੇ**

**ਅਤੇ ਉਹ ਪਵਿੱਤ੍ਰ ਅਸਥਾਨ ਦੇ ਸਮਾਲ੍ਹਣ ਵਾਲਿਆਂ ਦੀ ਵੇਖ ਭਾਲ ਕਰੇ।**

**33ਮਹਲੀਆਂ ਦਾ ਟੱਬਰ ਅਤੇ ਮੂਸ਼ੀਆਂ ਦਾ ਟੱਬਰ ਮਰਾਰੀ ਦੇ ਸਨ। ਏਹ ਮਰਾਰੀ ਦੇ ਟੱਬਰ**
**ਸਨ। 34ਸਾਰੇ ਨਰਾਂ ਦੀ ਗਿਣਤੀ ਜਿਹੜੇ ਗਿਣਤੀ ਵਿੱਚ ਆਏ ਇੱਕ ਮਹੀਨੇ ਤੋਂ ਉੱਪਰ ਦੇ ਛੇ**
**ਹਜ਼ਾਰ ਦੋ ਸੌ ਸਨ। 35ਮਰਾਰੀ ਦੇ ਟੱਬਰਾਂ ਅਨੁਸਾਰ ਉਨ੍ਹਾਂ ਦੇ ਪਿੱਤ੍ਰਾਂ ਦੇ ਘਰਾਣੇ ਦਾ ਸਰਦਾਰ**
**ਅਬੀਹਾਯਿਲ ਦਾ ਪੁੱਤ੍ਰ ਸੂਰੀਏਲ ਹੋਵੇ। ਡੇਹਰੇ ਦੇ ਉੱਤਰ ਵੱਲ ਓਹ ਆਪਣਾ ਡੇਰਾ ਲਾਉਣ।**
**36ਮਰਾਰੀਆਂ ਦੀ ਵੇਖ ਭਾਲ ਦੀ ਜੁੰਮੇਵਾਰੀ ਵਿੱਚ ਡੇਹਰੇ ਦੀਆਂ ਫੱਟੀਆਂ, ਉਸ ਦੇ ਹੋੜੇ, ਉਸ**
**ਦੀਆਂ ਥੰਮ੍ਹੀਆਂ, ਉਸ ਦੀਆਂ ਚੀਥੀਆਂ ਅਰ ਉਸ ਦਾ ਸਾਰਾ ਸਾਮਾਨ ਅਰ ਉਸ ਦੀ ਸਾਰੀ ਸੇਵਾ**
**ਹੋਣ। 37ਨਾਲੇ ਹਾਤੇ ਦੇ ਆਲੇ ਦੁਆਲੇ ਦੀਆਂ ਥੰਮ੍ਹੀਆਂ ਅਰ ਉਨ੍ਹਾਂ ਦੀਆਂ ਚੀਥੀਆਂ ਅਰ ਉਨ੍ਹਾਂ**
**ਦੀਆਂ ਕੀਲੀਆਂ ਅਰ ਉਨ੍ਹਾਂ ਦੀਆਂ ਲਾਸਾਂ।**

**38ਜਿਹੜੇ ਡੇਹਰੇ ਦੇ ਸਾਹਮਣੇ ਪੂਰਬ ਵੱਲ ਮੰਡਲੀ ਦੇ ਤੰਬੂ ਅੱਗੇ ਚੜ੍ਹਦੇ ਪਾਸੇ ਆਪਣੇ ਤੰਬੂ**
**ਲਾਉਣ ਸੋ ਮੂਸਾ ਅਰ ਹਾਰੂਨ ਅਰ ਉਹ ਦੇ ਪੁੱਤ੍ਰ ਹੋਣ ਤਾਂ ਜੋ ਓਹ ਪਵਿੱਤ੍ਰ ਅਸਥਾਨ ਦੀ ਉਸ**
**ਜੁੰਮੇਵਾਰੀ ਦੇ ਸੰਭਾਲੂ ਹੋਣ ਜਿਹੜੀ ਇਸਰਾਏਲੀਆਂ ਲਈ ਜੁੰਮੇਵਾਰੀ ਹੈ ਪਰ ਜੇ ਕੋਈ ਓਪਰਾ**
**ਨੇੜੇ ਆਵੇ ਤਾਂ ਉਹ ਮਾਰਿਆ ਜਾਵੇ। 39ਲੇਵੀਆਂ ਦੀ ਸਾਰੀ ਗਿਣਤੀ ਜਿਹੜੀ ਮੂਸਾ ਅਤੇ ਹਾਰੂਨ**
**ਨੇ ਯਹੋਵਾਹ ਦੇ ਹੁਕਮ ਤੇ ਕੀਤੀ ਉਨ੍ਹਾਂ ਦੇ ਟੱਬਰਾਂ ਅਨੁਸਾਰ ਅਰਥਾਤ ਸਾਰੇ ਨਰ ਜਿਹੜੇ ਇੱਕ**
**ਮਹੀਨੇ ਤੋਂ ਉੱਪਰ ਦੇ ਸਨ ਬਾਈ ਹਜ਼ਾਰ ਸੀ।**

ਨਰ ਲੇਵੀਆਂ ਦੀ ਗਿਣਤੀ ਕੁਝ ਵਿਸਤਾਰ ਨਾਲ ਦਿੱਤੀ ਗਈ ਹੈ। ਜਾਜਕਾਂ ਦੇ ਟੱਬਰ ਨੂੰ ਵੀ ਦੱਸਿਆ ਗਿਆ ਸੀ ਉਨ੍ਹਾਂ ਤੋਂ ਕੀ ਉਮੀਦ ਕੀਤੀ ਜਾਂਦੀ ਸੀ ਅਤੇ ਉਨ੍ਹਾਂ ਨੂੰ ਇਹ ਦੱਸਿਆ ਗਿਆ ਸੀ ਕਿ ਉਨ੍ਹਾਂ ਨੇ ਡੇਹਰੇ ਦੇ ਆਲੇ-ਦੁਆਲੇ ਤੰਬੂ ਲਾਉਣਾ ਸੀ।

**ਆਇਤਾਂ 11-13.** ਇਹ ਆਇਤਾਂ ਲੇਵੀਆਂ ਦੀ ਗਿਣਤੀ ਕਰਨ ਦੇ ਲਈ ਕੁਝ ਕਾਰਣ ਦਿੰਦੀਆਂ ਹਨ। ਪਰਮੇਸ਼ੁਰ ਨੇ ਆਖਿਆ, **ਮੈਂ ਲੇਵੀਆਂ ਨੂੰ ਇਸਰਾਏਲੀਆਂ ਵਿੱਚੋਂ ਸਾਰੇ ਪਲੋਠਿਆਂ ਦੇ ਥਾਂ ਲੈ ਲਿਆ ਹੈ।** ਸਾਰੇ ਪਲੋਠਿਆਂ ਦੀ ਇਹ ਮਾਲਕੀ, **ਇਸਰਾਏਲੀਆਂ ਵਿੱਚ ਕੁੱਖ ਨੂੰ ਖੋਲ੍ਹਣਾ**, ਪਰਮੇਸ਼ੁਰ ਦੇ ਉਨ੍ਹਾਂ ਦੇ ਜੀਵਨਾਂ ਨੂੰ ਬਚਾਉਣ ਦਾ ਨਤੀਜਾ ਸੀ ਜਦੋਂ ਉਸ ਨੇ ਆਖ਼ਰੀ ਬਵਾ ਵਿਚ **ਮਿਸਰ ਦੇਸ ਵਿੱਚ ਹਰ ਇੱਕ ਪਲੋਠਾ ਮਾਰਿਆ** (ਕੂਚ 11-13)। ਇਸ ਲਈ, ਇਕ ਰੱਬੀ ਦਾਅਵਾ ਕੀਤਾ ਗਿਆ ਸੀ: **ਮੈਂ ਆਪਣੇ ਲਈ ਹਰ ਇੱਕ ਪਲੋਠਾ ਇਸਰਾਏਲ ਵਿੱਚ ਆਦਮੀ ਤੋਂ ਲੈਕੇ ਡੰਗਰ ਤੀਕ ਪਵਿੱਤ੍ਰ ਕੀਤਾ, ਓਹ ਮੇਰੇ ਹੋਣਗੇ। ਮੈਂ ਯਹੋਵਾਹ ਹਾਂ।** ਹਰ ਇਕ ਪਲੋਠੇ ਪੁੱਤਰ ਦਾ ਪਵਿੱਤਰ ਕੀਤਾ ਜਾਣਾ, ਇਸ ਦੇ ਆਖ਼ਰੀ ਪ੍ਰਬੰਧ ਵਿਚ, ਆਖ਼ਰਕਾਰ ਲੇਵੀਆਂ ਵਿਚ ਤਬਦੀਲ ਹੋ ਜਾਵੇਗਾ, ਜਿਵੇਂ ਕਿ ਇਸ ਕਥਨ ਦੁਆਰਾ ਦੱਸਿਆ ਗਿਆ ਹੈ **ਲੇਵੀ ਮੇਰੇ ਹੋਣਗੇ।** ਲੇਵੀਆਂ, ਪਰਮੇਸ਼ੁਰ ਦੇ ਸਮੇਂ ਮੁਤਾਬਕ, ਪਲੋਠੇ ਪੁੱਤਰਾਂ ਦੀ ਥਾਂ ਲੈ ਲੈਣੀ ਸੀ। ਅੱਗੇ ਚੱਲ ਕੇ ਅਧਿਆਇ ਵਿਚ ਦਿੱਤੇ ਗਏ ਕਾਨੂੰਨ ਅਨੁਸਾਰ ਹਰ ਵਾਧੂ ਪਲੋਠੇ ਪੁੱਤਰ ਦੇ ਲਈ ਚਾਂਦੀ ਦੇ ਪੰਜ ਸ਼ਕਲ, ਜਾਂ ਵੀਹ ਗੇਰਾਹ ਦੇਣੇ ਪੈਣੇ ਸਨ (3:46, 47)।

**ਆਇਤਾਂ 14-16.** ਜਿਵੇਂ **ਯਹੋਵਾਹ ਮੂਸਾ ਨਾਲ ਸੀਨਈ ਦੀ ਉਜਾੜ ਵਿੱਚ ਬੋਲਿਆ**, ਯਹੋਵਾਹ ਨੇ ਉਸ ਨੂੰ **ਲੇਵੀਆਂ ਨੂੰ ਗਿਣਨ** ਦਾ ਹੁਕਮ ਦਿੱਤਾ। ਇਸ ਗਿਣਤੀ ਵਿਚ ਲੇਵੀਆਂ ਨੂੰ **ਉਨ੍ਹਾਂ ਦੇ ਪਿਤ੍ਰਾਂ ਦੇ ਘਰਾਣਿਆਂ ਅਤੇ ਉਨ੍ਹਾਂ ਦੇ ਟੱਬਰਾਂ ਅਨੁਸਾਰ; ਹਰ ਨਰ ਇੱਕ ਮਹੀਨੇ ਤੋਂ ਉੱਪਰ ਦਾ** ਗਿਣਿਆ ਜਾਣਾ ਸੀ। ਮੂਸਾ ਨੇ ਆਪਣੀ ਇੱਛਾ ਨਾਲ ਪਰਮੇਸ਼ੁਰ ਦੀ ਆਗਿਆ ਦਾ ਪਾਲਣ ਕੀਤਾ: ਉਸ ਨੇ **ਜਿਵੇਂ ਉਹ ਨੂੰ ਹੁਕਮ ਮਿਲਿਆ ਉਨ੍ਹਾਂ ਨੂੰ ਯਹੋਵਾਹ ਦੇ ਬੋਲ ਅਨੁਸਾਰ ਗਿਣਿਆ।**

ਇਨ੍ਹਾਂ ਦੀ ਜਿਨ੍ਹਾਂ ਦੀ ਗਿਣਤੀ ਕੀਤੀ ਗਈ ਸੀ ਸ਼ੁਰੂਆਤੀ ਉਮਰ ਉਨ੍ਹਾਂ ਦੀ ਉਮਰ ਨਾਲੋਂ ਵੱਖਰੀ ਸੀ ਜਿਨ੍ਹਾਂ ਦੀ ਮਰਦਮਸ਼ੁਮਾਰੀ ਵਿਚ ਗਿਣਤੀ ਕੀਤੀ ਗਈ ਸੀ। ਪਹਿਲਾਂ, ਸਿਰਫ ਵੀਹ

ਵਰਿਹਾਂ ਦੇ ਯਾ ਉੱਪਰ ਦੇ ਨਰਾਂ ਦੀ ਗਿਣਤੀ ਕੀਤੀ ਗਈ ਸੀ (1:2, 3)। ਲੇਵੀ ਨਰਾਂ ਦੀ ਗਿਣਤੀ "ਇੱਕ ਮਹੀਨੇ ਤੋਂ ਉੱਪਰ" ਦਿਆਂ ਦੀ ਕੀਤੀ ਜਾਣੀ ਸੀ।

**ਆਇਤਾਂ 17-20.** ਲੇਵੀ ਦੇ ਵੰਸ਼ ਉਨ੍ਹਾਂ ਦੇ ਟੱਬਰਾਂ ਦੇ ਸਮੂਹਾਂ ਦੀ ਸੂਚੀ ਵਿਚ ਆਉਣੇ ਸਨ। ਵਾਧੂ ਅਧਿਐਨ (*ਲੇਵੀ ਦਾ ਟੱਬਰ*, ਸਫ਼ਾ 157)[2] ਵਿਚ ਦਿੱਤਾ ਗਿਆ ਚਿੱਤਰ, **ਲੇਵੀਆਂ ਦੇ ਟੱਬਰਾਂ** ਦੀ ਦਿੱਖ ਨੁਮਾਇੰਦਗੀ ਦਿੰਦਾ ਹੈ। **ਲੇਵੀ** ਦੇ ਤਿੰਨ **ਪੁੱਤ੍ਰ** ਸਨ ਜਿਨ੍ਹਾਂ ਦੇ ਨਾਮ **ਗੇਰਸ਼ੋਨ, ਕਹਾਥ** ਅਤੇ **ਮਰਾਰੀ** ਸਨ। ਹਾਰੂਨ ਦਾ ਟੱਬਰ, ਜਿਹੜਾ ਕਿ ਅਮਰਾਮ ਦੇ ਰਾਹੀਂ ਕਹਾਥ ਤੋਂ ਆਇਆ ਸੀ, ਜਾਜਕ ਬਣਿਆ। ਕਹਾਥ, ਨਾਲੇ ਗੇਰਸ਼ੋਨ ਅਤੇ ਮਰਾਰੀ ਦੇ ਬਾਕੀ ਵੰਸ਼, ਉਹ ਲੇਵੀ ਬਣੇ ਜਿਹੜੇ ਜਾਜਕਾਂ ਦੀ ਟਹਿਲ ਸੇਵਾ ਕਰਦੇ ਸਨ। ਚਾਰ ਸੌ ਵਰਿਹਾਂ ਦੇ ਸਮੇਂ ਨੂੰ ਧਿਆਨ ਵਿਚ ਰੱਖਦੇ ਹੋਏ ਜੋ ਇਸਰਾਏਲੀਆਂ ਨੇ ਮਿਸਰ ਵਿਚ ਬਿਤਾਇਆ ਸੀ, ਇਹ ਤੱਥ ਕਿ ਲੇਵੀ ਉਸ ਸਮੇਂ ਦੀ ਸ਼ੁਰੂਆਤ ਵਿਚ ਯਾਕੂਬ ਦੇ ਬਾਕੀ ਟੱਬਰ ਨਾਲ ਮਿਸਰ ਨੂੰ ਚਲੇ ਗਏ ਸਨ ਅਤੇ ਇਹ ਤੱਥ ਕਿ ਮੂਸਾ (ਕਹਾਥ ਦਾ ਪੋਤਰਾ) ਇਸਰਾਏਲੀਆਂ ਦੇ ਮਿਸਰ ਵਿੱਚੋਂ ਚਲੇ ਜਾਣ ਤੋਂ ਬਾਅਦ ਚਾਲੀ ਸਾਲ ਉੱਥੇ ਰਿਹਾ, ਨਿਸ਼ਚਤ ਤੌਰ ਤੇ 3:17-20 ਵਿਚ ਵੰਸ਼ਾਵਲੀ ਸ਼ਾਇਦ ਇਕ ਜਾਂ ਜ਼ਿਆਦਾ ਪੀੜ੍ਹੀਆਂ ਛੱਡ ਦਿੱਤੀਆਂ ਗਈਆਂ ਹੋਣਗੀਆਂ।[3]

**ਆਇਤਾਂ 21-39.** ਗਿਣਤੀ ਦੇ ਨਤੀਜੇ, ਡੇਰੇ ਦੀਆਂ ਥਾਵਾਂ, ਆਮ ਕਰਤੱਵ ਅਤੇ ਲੇਵੀਆਂ ਦੇ ਤਿੰਨ ਟੱਬਰਾਂ ਨੂੰ ਵੀ ਸੂਚੀ ਵਿਚ ਸ਼ਾਮਲ ਨਹੀਂ ਕੀਤਾ ਗਿਆ ਹੈ।

ਪਹਿਲਾਂ ਉਨ੍ਹਾਂ ਦੇ ਡੇਰੇ ਲਾਉਣ ਦੀਆਂ ਥਾਵਾਂ ਦਾ ਜ਼ਿਕਰ ਕੀਤਾ ਗਿਆ ਹੈ (ਵੇਖੋ *ਵਾਧੂ ਅਧਿਐਨ: ਇਸਰਾਏਲੀਆਂ ਦਾ ਡੇਹਰੇ ਦੇ ਆਲੇ ਦੁਆਲੇ ਤੰਬੂ ਲਾਉਣਾ*, ਸਫ਼ਾ 158)। **ਗੇਰਸ਼ੋਨੀਆਂ ਦੇ ਟੱਬਰ** ਵਿਚ **ਲਿਬਨੀਆਂ** ਅਤੇ **ਸ਼ਿਮਈਆਂ** ਨੂੰ ਸ਼ਾਮਲ ਕੀਤਾ ਗਿਆ ਸੀ। ਉਨ੍ਹਾਂ ਨੇ **ਡੇਹਰੇ ਦੇ ਪਿੱਛੇ ਲਹਿੰਦੇ ਪਾਸੇ ਡੇਰਾ ਲਾਉਣਾ** ਸੀ (3:23); **ਕਹਾਥੀਆਂ ਦੇ ਟੱਬਰ ਨੇ ਡੇਹਰੇ ਦੇ ਦੱਖਣ ਵੱਲ ਆਪਣਾ ਡੇਰਾ ਲਾਉਣਾ** ਸੀ (3:29) ਅਤੇ **ਮਹਲੀਆਂ ਦੇ ਟੱਬਰ ਅਤੇ ਮੂਸ਼ੀਆਂ ਦੇ ਟੱਬਰ ਸਮੇਤ** ਮਰਾਰੀਆਂ ਨੂੰ **ਡੇਹਰੇ ਦੇ ਉੱਤਰ ਵੱਲ ਡੇਰਾ ਲਾਉਣ** ਦੀ ਹਦਾਇਤ ਦਿੱਤੀ ਗਈ ਸੀ (3:35)। **ਮੂਸਾ ਅਰ ਹਾਰੂਨ ਅਰ ਉਸ ਦੇ ਪੁੱਤ੍ਰਾਂ** - ਦੂਜੇ ਸ਼ਬਦਾਂ ਵਿਚ, ਜਾਜਕਾਂ - ਨੇ **ਡੇਹਰੇ ਦੇ ਸਾਹਮਣੇ ਪੂਰਬ ਵੱਲ ਮੰਡਲੀ ਦੇ ਤੰਬੂ ਅੱਗੇ ਚੜ੍ਹਦੇ ਪਾਸੇ ਆਪਣੇ ਤੰਬੂ ਲਾਉਣਾ ਸੀ** (3:38)।

ਆਮ ਕਰੱਤਵਾਂ ਬਾਰੇ ਮੋਟੇ ਤੌਰ ਤੇ ਦੱਸਿਆ ਗਿਆ ਹੈ। ਗੇਰਸ਼ੋਨੀਆਂ ਨੂੰ **ਡੇਹਰੇ ਅਤੇ ਤੰਬੂ, ਉਹ ਦੇ ਢੱਕਣ ਅਤੇ ਮੰਡਲੀ ਦੇ ਦਰਵੱਜੇ ਦੀ ਓਟ, ਹਾਤੇ ਦੀ ਕਨਾਤ ... ਡੇਹਰੇ ਅਤੇ ਜਗਵੇਦੀ ਦੇ ਆਲੇ ਦੁਆਲੇ ਅਤੇ ਉਹ ਦੀਆਂ ਲਾਸਾਂ** ਨੂੰ ਸੰਭਾਲਣ ਦਾ ਕੰਮ ਸੌਂਪਿਆ ਗਿਆ ਸੀ (3:25, 26)। ਕਹਾਥੀਆਂ ਦੀਆਂ ਜ਼ਿੰਮੇਵਾਰੀਆਂ ਵਿਚ **ਸੰਦੂਕ, ਮੇਜ਼, ਸ਼ਮਾਦਾਨ, ਜਗਵੇਦੀਆਂ ਅਰ ਪਵਿੱਤ੍ਰ ਅਸਥਾਨ ਦਾ ਸਾਮਾਨ ਜਿਨ੍ਹਾਂ ਨਾਲ ਓਹ ਸੇਵਾ ਕਰਦੇ ਸਨ ਅਰ ਓਟ** ਸ਼ਾਮਲ ਸੀ (3:31)। **ਮਰਾਰੀ ਦੇ ਟੱਬਰਾਂ**, ਮਹਲੀਆਂ ਅਤੇ ਮੂਸ਼ੀਆਂ ਨੂੰ **ਡੇਹਰੇ ਦੀਆਂ ਫੱਟੀਆਂ, ਉਸ ਦੇ ਹੋੜੇ, ਉਸ ਦੀਆਂ ਥੰਮ੍ਹੀਆਂ, ਉਸ ਦੀਆਂ ਚੀਥੀਆਂ ਅਰ ਉਸ ਦਾ ਸਾਰਾ ਸਾਮਾਨ ... ਹਾਤੇ ਦੇ ਆਲੇ ਦੁਆਲੇ ਦੀਆਂ ਥੰਮ੍ਹੀਆਂ ਅਰ ਉਨ੍ਹਾਂ ਦੀਆਂ ਚੀਥੀਆਂ ਅਰ ਉਨ੍ਹਾਂ ਦੀਆਂ ਕੀਲੀਆਂ ਅਰ ਉਨ੍ਹਾਂ ਦੀਆਂ ਲਾਸਾਂ** ਨੂੰ ਸੰਭਾਲਣ ਦੀ ਜ਼ਿੰਮੇਵਾਰੀ ਦਿੱਤੀ ਗਈ ਸੀ (3:36, 37)। **ਪਵਿੱਤ੍ਰ ਅਸਥਾਨ** ਦੀ ਜ਼ਿਆਦਾ ਮੁਸ਼ਕਲ **ਜੁੰਮੇਵਾਰੀਆਂ** 4:4-33 ਵਿਚ ਲੇਵੀਆਂ ਦੇ ਹਰ ਇਕ ਟੱਬਰ ਨੂੰ ਦਿੱਤੀਆਂ ਗਈਆਂ ਸਨ।

ਹਰ ਟੱਬਰ ਦੇ ਲਈ ਸਰਦਾਰ ਨਿਯੁਕਤ ਅਤੇ ਨਿਰਧਾਰਤ ਕੀਤੇ ਗਏ ਸਨ। ਗੇਰਸ਼ੋਨੀਆਂ ਦਾ ਸਰਦਾਰ **ਲਾਏਲ ਦਾ ਪੁੱਤ੍ਰ ਅਲਯਾਸਾਫ਼** ਸੀ (3:24); ਕਹਾਥੀਆਂ ਦਾ ਸਰਦਾਰ **ਅਲੀਸਾਫ਼ਾਨ** ਸੀ (3:30) ਅਤੇ ਮਰਾਰੀਆਂ ਦਾ ਸਰਦਾਰ **ਸੂਰੀਏਲ** ਸੀ (3:35)। ਹਾਰੂਨ ਜਾਜਕ ਦੇ ਪੁੱਤ੍ਰ ਅਲਆਜ਼ਾਰ ਦਾ ਵੀ ਜ਼ਿਕਰ ਕੀਤਾ ਗਿਆ ਹੈ, ਜਿਹੜਾ **ਲੇਵੀਆਂ ਦੇ ਸਰਦਾਰਾਂ ਦਾ ਸਰਦਾਰ** ਸੀ

ਅਤੇ **ਪਵਿੱਤ੍ਰ ਅਸਥਾਨ ਦੇ ਸਮਾਲ੍ਹਣ ਵਾਲਿਆਂ ਦੀ ਵੇਖ ਭਾਲ** ਕਰਦਾ ਸੀ (3:32)। ਜਾਜਕ ਅਲਆਜ਼ਾਰ ਨੂੰ, ਇਸ ਤਰ੍ਹਾਂ ਜਾਪਦਾ ਹੈ ਕਿ ਸਾਰੇ ਲੇਵੀਆਂ ਦਾ ਸਰਦਾਰ ਬਣਾਇਆ ਗਿਆ ਸੀ।

ਹੇਠ ਲਿਖੀ ਗਿਣਤੀ ਇੱਕ ਮਹੀਨ ਅਤੇ ਉਸ ਤੋਂ ਉੱਪਰ ਦੇ ਨਰਾਂ ਦੀ ਮਰਦਮਸ਼ੁਮਾਰੀ ਦਾ ਨਤੀਜਾ ਸੀ:

| | |
|---|---|
| ਗੇਰਸ਼ੋਨੀ | 7,500 |
| ਕਹਾਥੀ | 8,600 |
| ਮਰਾਰੀ | 6,200 |
| ਕੁੱਲ | 22,300 |

ਇਹ ਕੁੱਲ ਜੋੜ ਆਇਤ 39 ਨਾਲ ਮੇਲ ਨਹੀਂ ਖਾਂਦਾ, ਜਿੱਥੇ ਕੁੱਲ ਜੋੜ 22,000 ਦਿੱਤਾ ਗਿਆ ਹੈ।[4] ਇਸ ਫ਼ਰਕ ਦੀ ਵਿਆਖਿਆ ਇਹ ਕਲਪਨਾ ਕਰਨ ਦੁਆਰਾ ਕੀਤੀ ਜਾ ਸਕਦੀ ਹੈ ਕਿ ਕੀਤੀ ਗਈ ਗਲਤੀ ਅਸਲੀ ਇਬਰਾਨੀ ਲਿਖਤ ਦੀ ਤਬਦੀਲੀ ਵਿਚ ਹੈ। ਰੋਨਲਡ ਬੀ. ਐਲਨ ਨੇ ਸੋਚਿਆ ਕਿ ਮਾਮਲਾ ਕੁਝ ਇਸ ਤਰ੍ਹਾਂ ਸੀ:

> ਬਹੁਤ ਸਾਰੇ ਵਿਦਵਾਨਾਂ ਦਾ ਮੰਨਣਾ ਹੈ ਕਿ ਆਇਤ 28 ਵਿਚਲੀ ਗਿਣਤੀ ਵਿਚ ਲਿਖਤ ਦਾ ਵਿਗਾੜ ਰਿਹਾ ਹੈ, ਇਹ ਕਿ ਕਹਾਥੀਆਂ ਦੀ ਸਹੀ ਗਿਣਤੀ 8,300 ਹੈ (ਜਿਵੇਂ ਕਿ LXX ਵਿਚ ਹੈ[5])। ਗਿਣਤੀ ਦੀ ਪੁਸਤਕ ਵਿਚ ਇਨ੍ਹਾਂ ਅਧਿਆਵਾਂ ਵਿਚ ਬਾਕੀ ਸਾਰੀਆਂ ਗਿਣਤੀਆਂ ਦੇ ਕੁੱਲ ਜੋੜ ਇਕਸਾਰ ਹਨ, ਇਸ ਮਾਮਲੇ ਵਿਚ ਲਿਖਤ ਦੇ ਅੱਗੇ ਬਦਲਣ ਵਿੱਚ ਇਸ ਵਿੱਚ ਵਿਗਾੜ ਦੀ ਕਲਪਨਾ ਕਰਨਾ ਉਚਿਤ ਹੈ।[6]

ਇਕ ਹੋਰ ਵਿਆਖਿਆ ਇਹ ਹੈ ਕਿ "22,000" ਨੂੰ ਮੋਟੀ ਗਿਣਤੀ ਦੇ ਰੂਪ ਵਿਚ ਵਰਤਿਆ ਗਿਆ ਸੀ ਜਿਸ ਦਾ ਉਦੇਸ਼ ਇਹ ਸੀ ਕਿ ਸਹੀ ਸਹੀ ਲਗਭਗ ਗਿਣਤੀ 22,300 ਸੀ।[7]

ਜਾਜਕ ਕਹਾਥ ਦੇ ਵੰਸ਼ ਦਾ ਹਿੱਸਾ ਸਨ। ਉਨ੍ਹਾਂ ਦੀ ਪਸੰਦੀਦਾ ਥਾਂ ਅਤੇ ਖ਼ਾਸ ਜ਼ਿੰਮੇਵਾਰੀਆਂ (ਜੋ ਕਿ ਡੇਹਰੇ ਦੇ ਅੱਤ ਪਵਿੱਤਰ ਹਿੱਸੇ ਨਾਲ ਸੰਬੰਧਤ ਸਨ) ਨੇ ਇਸ ਨੂੰ ਲੇਵੀਆਂ ਦੇ ਟੱਬਰਾਂ ਦਾ ਸਭ ਤੋਂ ਪ੍ਰਤਿਸ਼ਠਾਵਾਨ ਬਣਾ ਦਿੱਤਾ ਸੀ।

## ਲੇਵੀ ਅਤੇ ਪਲੋਠੇ ਪੁੱਤਰ (3:40-51)

**40ਫੇਰ ਯਹੋਵਾਹ ਨੇ ਮੂਸਾ ਨੂੰ ਆਖਿਆ ਕਿ ਇਸਰਾਏਲੀਆਂ ਦੇ ਸਾਰੇ ਪਲੋਠੇ ਨਰ ਗਿਣ
ਜਿਹੜੇ ਇੱਕ ਮਹੀਨੇ ਤੋਂ ਉੱਪਰ ਦੇ ਹਨ ਅਤੇ ਉਨ੍ਹਾਂ ਦੇ ਨਾਮਾਂ ਦੀ ਗਿਣਤੀ ਕਰ। 41ਤੂੰ ਲੇਵੀਆਂ ਨੂੰ
ਮੇਰੇ ਲਈ, ਮੈਂ ਜੋ ਯਹੋਵਾਹ ਹਾਂ, ਇਸਰਾਏਲੀਆਂ ਦੇ ਸਾਰੇ ਪਲੋਠਿਆਂ ਦੇ ਥਾਂ, ਨਾਲੇ ਲੇਵੀਆਂ ਦੇ
ਡੰਗਰ ਇਸਰਾਏਲੀਆਂ ਦੇ ਡੰਗਰਾਂ ਦੇ ਪਲੋਠਿਆਂ ਦੇ ਥਾਂ ਲੈ ਲਈਂ। 42ਜਿਵੇਂ ਯਹੋਵਾਹ ਨੇ ਉਹ ਨੂੰ
ਹੁਕਮ ਦਿੱਤਾ ਸੀ ਮੂਸਾ ਨੇ ਇਸਰਾਏਲੀਆਂ ਦੇ ਸਾਰੇ ਪਲੋਠੇ ਗਿਣੇ। 43ਅਤੇ ਨਰ ਪਲੋਠਿਆਂ ਦੇ
ਨਾਮਾਂ ਦੀ ਗਿਣਤੀ ਜਿਹੜੇ ਇੱਕ ਮਹੀਨੇ ਤੋਂ ਉੱਪਰ ਦੇ ਸਨ ਉਨ੍ਹਾਂ ਦੇ ਗਿਣੇ ਹੋਇਆਂ ਵਿੱਚੋਂ ਬਾਈ
ਹਜ਼ਾਰ ਦੋ ਸੌ ਤਿਹੱਤ੍ਰ ਸੀ। 44ਯਹੋਵਾਹ ਮੂਸਾ ਨੂੰ ਬੋਲਿਆ, 45ਲੇਵੀਆਂ ਨੂੰ ਇਸਰਾਏਲੀਆਂ ਦੇ ਸਾਰੇ
ਪਲੋਠਿਆਂ ਦੇ ਥਾਂ ਅਤੇ ਲੇਵੀਆਂ ਦੇ ਡੰਗਰਾਂ ਨੂੰ ਉਨ੍ਹਾਂ ਦੇ ਡੰਗਰਾਂ ਦੇ ਥਾਂ ਲੈ ਲਈਂ ਅਤੇ ਇਉਂ ਲੇਵੀ
ਮੇਰੇ ਲਈ ਹੋਣਗੇ। ਮੈਂ ਯਹੋਵਾਹ ਹਾਂ। 46ਅਤੇ ਉਨ੍ਹਾਂ ਦੋ ਸੌ ਤਿਹੱਤ੍ਰਾਂ ਇਸਰਾਏਲੀ ਪਲੋਠਿਆਂ ਦੇ
ਛੁਟਕਾਰੇ ਲਈ ਜਿਹੜੇ ਲੇਵੀਆਂ ਤੋਂ ਵਧੀਕ ਹਨ। 47ਤੂੰ ਪੰਜ ਪੰਜ ਰੁਪਏ ਸਿਰਾਂ ਪਰਤੀ ਪਵਿੱਤ੍ਰ
ਅਸਥਾਨ ਦੇ ਸ਼ਕਲ ਅਨੁਸਾਰ ਲਵੀਂ (ਅਰਥਾਤ ਇੱਕ ਸ਼ਕਲ ਵੀਹ ਗੇਰਾਹ ਦਾ ਹੋਵੇ)। 48ਤੂੰ ਉਹ**

**ਚਾਂਦੀ ਹਾਰੂਨ ਅਰ ਉਹ ਦੇ ਪੁੱਤ੍ਰਾਂ ਨੂੰ ਦੇਈਂ। ਉਹ ਉਨ੍ਹਾਂ ਦੇ ਛੁਟਕਾਰੇ ਲਈ ਜਿਹੜੇ ਉਨ੍ਹਾਂ ਤੋਂ ਵਧੀਕ ਹਨ। [49]ਉਪਰੰਤ ਮੂਸਾ ਨੇ ਛੁਟਕਾਰੇ ਦੀ ਚਾਂਦੀ ਉਨ੍ਹਾਂ ਤੋਂ ਜਿਹੜੇ ਲੇਵੀਆਂ ਦੇ ਛੁਡਾਏ ਹੋਇਆਂ ਤੋਂ ਵਧੀਕ ਸਨ ਲਈ। [50]ਇਸਰਾਏਲ ਦੇ ਪਲੋਠਿਆਂ ਤੋਂ ਉਸ ਨੇ ਏਹ ਚਾਂਦੀ ਲਈ, ਇੱਕ ਹਜ਼ਾਰ ਤਿੰਨ ਸੌ ਪੈਂਹਟ ਰੁਪਏ ਪਵਿੱਤ੍ਰ ਅਸਥਾਨ ਦੇ ਸ਼ਕਲ ਅਨੁਸਾਰ। [51]ਤਾਂ ਮੂਸਾ ਨੇ ਛੁਡਾਏ ਹੋਇਆਂ ਦੀ ਚਾਂਦੀ ਹਾਰੂਨ ਅਰ ਉਸ ਦੇ ਪੁੱਤ੍ਰਾਂ ਨੂੰ ਯਹੋਵਾਹ ਦੇ ਬੋਲ ਅਨੁਸਾਰ ਦਿੱਤੀ ਜਿਵੇਂ ਯਹੋਵਾਹ ਨੇ ਮੂਸਾ ਨੂੰ ਹੁਕਮ ਦਿੱਤਾ ਸੀ।**

**ਆਇਤਾਂ 40, 41.** **ਲੇਵੀਆਂ** ਦੀ ਗਿਣਤੀ ਦਾ ਕਾਰਣ ਇਸ ਅਧਿਆਇ ਦੇ ਆਖ਼ਰੀ ਹਿੱਸੇ ਵਿਚ ਸਪੱਸ਼ਟ ਹੁੰਦਾ ਹੈ। ਪਰਮੇਸ਼ੁਰ ਨੇ ਹੁਕਮ ਦਿੱਤਾ ਕਿ ਗਿਣਤੀ ਕੀਤੀ ਜਾਵੇ ਅਤੇ **ਉਨ੍ਹਾਂ ਦੇ ਨਾਮਾਂ ਦੀ ਇੱਕ ਸੂਚੀ** ਬਣਾਈ ਜਾਵੇ। ਇਸ ਗਿਣਤੀ ਵਿਚ **ਇਸਰਾਏਲੀਆਂ ਦੇ ਸਾਰੇ ਪਲੋਠੇ ਨਰ ਜਿਹੜੇ ਇੱਕ ਮਹੀਨੇ ਤੋਂ ਉੱਪਰ ਦੇ ਹਨ** ਸ਼ਾਮਲ ਸਨ, ਤਾਂ ਕਿ **ਸਾਰੇ ਪਲੋਠਿਆਂ** ਦੇ ਥਾਂ ਯਹੋਵਾਹ ਨੂੰ ਲੇਵੀਆਂ ਨੂੰ ਦਿੱਤਾ ਜਾ ਸਕਦਾ। ਇਸ ਤੋਂ ਇਲਾਵਾ, **ਇਸਰਾਏਲੀਆਂ ਦੇ ਡੰਗਰਾਂ ਦੇ ਪਲੋਠਿਆਂ ਦੇ ਥਾਂ** ਲੇਵੀਆਂ ਦੇ **ਡੰਗਰ** ਨੂੰ ਸਮਰਪਿਤ ਕੀਤਾ ਗਿਆ ਸੀ।

**ਆਇਤਾਂ 42, 43.** ਜਦੋਂ ਮੂਸਾ ਨੇ ਪਰਮੇਸ਼ੁਰ ਦੇ ਹੁਕਮ ਦਾ ਪਾਲਣ ਕੀਤਾ ਸੀ, ਤਾਂ ਉਹ ਜਾਣ ਗਿਆ ਕਿ **ਇਸਰਾਏਲੀਆਂ ਦੇ ਸਾਰੇ ਪਲੋਠੇ** ਕੁੱਲ 22,273 ਸਨ। ਨਰ ਪਲੋਠਿਆਂ ਦੀ ਗਿਣਤੀ ਨੇ ਬਹੁਤ ਸਾਰੇ ਸਵਾਲ ਖੜ੍ਹੇ ਕੀਤੇ ਹਨ। ਜੇਕਰ ਵੀਹ ਵਰਿਹਾਂ ਦੇ ਅਤੇ ਉਸ ਤੋਂ ਉੱਪਰ 600,000 ਮਨੁੱਖ ਸਨ ਜਿਹੜੇ ਜੁੱਧ ਕਰਨ ਦੇ ਯੋਗ ਸਨ, ਤਾਂ ਉੱਥੇ ਇਕ ਮਹੀਨੇ ਦੇ ਅਤੇ ਉਸ ਤੋਂ ਉੱਪਰ ਦੇ ਸਿਰਫ 22,273 ਨਰ ਕਿਵੇਂ ਹੋ ਸਕਦੇ ਸਨ? ਇਸ ਮੁਸ਼ਕਲ ਦਾ ਹੱਲ ਇਹ ਹੋ ਸਕਦਾ ਹੈ ਕਿ ਇਸਰਾਏਲੀਆਂ ਦੇ ਮਿਸਰ ਵਿੱਚੋਂ ਕੂਚ ਕਰਨ ਦੇ ਸਮੇਂ (ਇਕ ਸਾਲ ਤੋਂ ਥੋੜ੍ਹਾ ਜਿਹਾ ਵੱਧ ਸਮੇਂ ਪਹਿਲਾਂ) ਤੋਂ ਲੈ ਕੇ ਸਿਰਫ ਜਨਮ ਲਏ ਨਰ ਪਲੋਠਿਆਂ ਨੂੰ ਗਿਣਿਆ ਗਿਆ ਸੀ। ਸੀ. ਐਫ. ਕੀਲ ਅਤੇ ਐਫ. ਡੈਲਿਸ਼ ਨੇ ਦੱਸਿਆ ਕਿ ਪਲੋਠੇ ਨੂੰ ਦੇਣ ਦਾ ਕਾਨੂੰਨ ਇਸਰਾਏਲੀਆਂ ਦੇ ਮਿਸਰ ਤੋਂ ਕੂਚ ਕਰਨ ਤੋਂ ਥੋੜ੍ਹੇ ਸਮੇਂ ਪਹਿਲਾਂ ਸ਼ੁਰੂ ਹੋਇਆ ਸੀ (ਕੂਚ 13:1, 2) ਅਤੇ ਪਹਿਲਾਂ ਤੋਂ ਲਾਗੂ ਨਹੀਂ ਰਿਹਾ ਹੋਵੇਗਾ। ਜੇਕਰ ਇਹ ਸੱਚ ਹੈ, ਪਰਾਸਚਿਤ ਦੇ ਮੁੱਲ ਦੇਣ ਦੀ ਜ਼ਰੂਰਤ ਤੋਂ ਪਹਿਲਾਂ ਜਨਮੇ ਨਰ ਪਲੋਠਿਆਂ ਨੂੰ ਗਿਣਿਆ ਨਹੀਂ ਗਿਆ ਹੋਵੇਗਾ। ਇਸ ਲਈ, ਉਹ ਇਹ ਦਲੀਲ ਦਿੰਦਾ ਹੈ ਕਿ ਇਹ ਸੰਭਵ ਹੈ ਕਿ ਇਸਰਾਏਲੀਆਂ ਦੇ ਮਿਸਰ ਵਿੱਚੋਂ ਜਾਣ ਤੋਂ ਬਾਅਦ ਤੇਰ੍ਹਵੇਂ ਮਹੀਨੇ ਵਿਚ ਨਰ ਪਲੋਠੇ 22,273 ਹੀ ਹੋ ਸਕਦੇ ਹਨ।[8]

**ਆਇਤਾਂ 44-48.** ਕਿਉਂਕਿ ਲੇਵੀਆਂ ਦੀ ਗਿਣਤੀ (22,000) **ਪਲੋਠਿਆਂ** ਦੀ ਗਿਣਤੀ ਨਾਲੋਂ ਘੱਟ ਸੀ, ਯਹੋਵਾਹ ਨੇ **ਦੋ ਸੌ ਤਿਹੱਤ੍ਰਾਂ ਪਲੋਠਿਆਂ ਦੇ ਛੁਟਕਾਰੇ ਲਈ** ਮੰਗ ਕੀਤੀ ਸੀ **ਜਿਹੜੇ ਲੇਵੀਆਂ ਤੋਂ ਵਧੀਕ ਸਨ**। ਉਨ੍ਹਾਂ 273 ਨੂੰ **ਪੰਜ ਪੰਜ ਰੁਪਏ ਸਿਰਾ ਪਰਤੀ ਪਵਿੱਤ੍ਰ ਅਸਥਾਨ ਦੇ ਸ਼ਕਲ ਅਨੁਸਾਰ** ਛੁਟਕਾਰੇ ਦੇ ਲਈ ਦੇਣੇ ਪੈਣੇ ਸਨ (ਵੇਖੋ ਲੇਵੀਆਂ 27:6)।

**ਆਇਤ 49.** ਮੂਸਾ ਨੇ ਉਵੇਂ ਹੀ ਕੀਤਾ **ਜਿਵੇਂ ਯਹੋਵਾਹ ਨੇ ਮੂਸਾ ਨੂੰ ਹੁਕਮ ਦਿੱਤਾ ਸੀ** ਅਤੇ ਉਨ੍ਹਾਂ ਕੋਲੋਂ **ਛੁਟਕਾਰੇ ਦੀ ਚਾਂਦੀ** ਇਕੱਠੀ ਕੀਤੀ ਜਿਹੜੇ **ਲੇਵੀਆਂ ਦੇ ਛੁਡਾਏ ਹੋਇਆਂ ਤੋਂ ਵਧੀਕ ਸਨ।**

**ਆਇਤਾਂ 50, 51.** ਇਕੱਠੀ ਕੀਤੀ ਗਈ ਕੁੱਲ ਰਾਸ਼ੀ 1,365 ਬਣ ਗਈ ਅਤੇ ਮੂਸਾ ਨੇ ਇਹ **ਚਾਂਦੀ ਹਾਰੂਨ ਅਰ ਉਸ ਦੇ ਪੁੱਤ੍ਰਾ**, ਜਾਜਕਾਂ ਨੂੰ ਦੇ ਦਿੱਤੀ। ਇਸਰਾਏਲ ਦੇ ਨਰ ਪਲੋਠਿਆਂ ਦੇ ਲਈ ਚਾਂਦੀ ਦੇ ਕੇ ਛੁਟਕਾਰੇ ਦਾ ਮੁੱਲ (ਪੰਜ ਪੰਜ ਸ਼ਕਲ) ਆਉਣ ਵਾਲੀਆਂ ਪੀੜ੍ਹੀਆਂ ਦੇ ਲਈ ਜ਼ਰੂਰੀ ਬਣ ਗਿਆ (18:15, 16)।[9]

# ਪ੍ਰਾਸੰਗਿਕਤਾ

**"ਪਰਮੇਸ਼ੁਰ ਦੇ ਲਈ ਕੋਈ ਸੇਵਾ ਛੋਟੀ ਨਹੀਂ ਹੈ"[10] (ਅਧਿਆਇ 3)**

ਪ੍ਰਾਚੀਨ ਇਸਰਾਏਲੀ ਪਵਿੱਤਰ ਅਸਥਾਨ ਵਿਚ, ਲੇਵੀ ਉਹ ਕੰਮ ਕਰਦੇ ਸਨ ਜੋ ਮਾਮੂਲੀ ਕੰਮ ਲੱਗਦਾ ਸੀ: ਜਿਵੇਂ ਕਿ ਸੰਭਾਲ ਕਰਨਾ, ਚੌਂਕੀਦਾਰਾ ਕਰਨਾ, ਪੈਕਿੰਗ ਕਰਨਾ ਅਤੇ ਢੋਆ ਢੁਆਈ ਕਰਨਾ। ਪਰ, ਇਹ ਸਾਰਾ ਕੰਮ ਸਤਿਕਾਰਯੋਗ ਅਤੇ ਬਹੁਤ ਹੀ ਜ਼ਿਆਦਾ ਮਹੱਤਵਪੂਰਣ ਸੀ ਕਿਉਂਕਿ ਇਹ ਰੱਬੀ ਬਾਦਸ਼ਾਹ ਦੇ ਲਈ ਕੀਤਾ ਜਾਂਦਾ ਸੀ। ਉਸੇ ਤਰ੍ਹਾਂ, ਸਭ ਤੋਂ ਛੋਟਾ ਅਤੇ ਵੇਖਣ ਵਿਚ ਸਭ ਤੋਂ ਜ਼ਿਆਦਾ ਤੁੱਛ ਕੰਮ ਜੋ ਅੱਜ ਪਰਮੇਸ਼ੁਰ ਦੇ ਕੰਮ ਵਿਚ ਯੋਗਦਾਨ ਦਿੰਦਾ ਹੈ ਉਹ ਮਹੱਤਵਪੂਰਣ ਹੈ: ਜਿਵੇਂ ਕਿ ਕਲੀਸੀਆ ਜਿੱਥੇ ਇਕੱਠੀ ਹੁੰਦੀ ਹੈ ਉਸ ਥਾਂ ਦੀ ਸਾਫ਼ ਸਫਾਈ ਕਰਨਾ, ਸੰਗਤ ਦੇ ਲਈ ਲੰਗਰ ਬਣਾਉਣਾ, ਕਿਸੇ ਬਿਮਾਰ ਵਿਅਕਤੀ ਨੂੰ ਮਿਲਣ ਦੇ ਲਈ ਜਾਣਾ, ਯਿਸੂ ਦੇ ਬਾਰੇ ਕਿਸੇ ਬੱਚੇ ਨੂੰ ਗੀਤ ਸਿਖਾਉਣਾ, ਜਾਂ ਗੁਆਂਢੀ ਨੂੰ ਉਤਸ਼ਾਹਿਤ ਕਰਨਾ। ਪਰਮੇਸ਼ੁਰ ਦੇ ਲਈ ਕੀਤਾ ਜਾਣ ਵਾਲਾ ਕੋਈ ਵੀ ਕੰਮ ਛੋਟਾ ਨਹੀਂ ਹੈ।

---

ਟਿੱਪਣੀਆਂ

[1]ਉਤਪਤ 2:4; 6:9; 10:1; 11:10, 27; 25:12, 19; 36:1, 9; 37:2; ਵੇਖੋ 5:1; 10:32; 25:13. ਇਹੋ ਇਬਰਾਨੀ ਸ਼ਬਦ, *ਥੋਲਡੋਥ*, ਕੂਚ 6:16, 19 ਵਿਚ ਮਿਲਦਾ ਹੈ। ਕੂਚ 6:16-25 ਵਿਚ ਦਿੱਤੀ ਗਈ ਲੇਵੀ ਦੀ ਵੰਸ਼ਾਵਲੀ ਉਸ ਨੂੰ ਸ਼ਾਮਲ ਕਰਦੀ ਹੈ ਜੋ ਗਿਣਤੀ 3:2 ਵਿਚ ਮਿਲਦਾ ਹੈ। [2]ਮੂਸਾ ਅਰ ਹਾਰੂਨ ਦੀ ਵੰਸ਼ਾਵਲੀ ਦਾ ਜ਼ਿਆਦਾ ਸੰਪੂਰਣ ਚਿੱਤਰ ਕੋਏ ਰੋਪਰ ਦੀ ਪੁਸਤਕ *ਕੂਚ*, ਟਰੁੱਥ ਫ਼ਾਰ ਟੁਡੇ ਕਮੈਂਟਰੀ (ਸਰਸੀ, ਆਰਕੈਨਸਸ: ਰੀਸੋਰਸ ਪਬਲੀਕੇਸ਼ਨਜ਼, 2008) ਵਿਚ ਸਫ਼ਾ 103 ਤੇ ਦਿੱਤਾ ਗਿਆ ਹੈ। [3]ਉਸੇ ਸਥਾਨ ਤੇ, 105-6. [4]3:43, 46 ਵਿਚ, ਅਸੀਂ ਇਹ ਵੀ ਵੇਖਦੇ ਹਾਂ ਕਿ ਇੱਕ ਮਹੀਨਾ ਅਤੇ ਉਸ ਤੋਂ ਉੱਪਰ ਦੇ ਲੇਵੀ ਨਰਾਂ ਦੀ ਗਿਣਤੀ 22,000 ਹੋਣੀ ਚਾਹੀਦੀ ਹੈ। ਆਇਤ 43 ਕਹਿੰਦੀ ਹੈ ਕਿ ਬਾਰਾਂ ਗੋਤਾਂ ਦੇ ਪਲੋਠੇ ਨਰਾਂ ਦੀ ਕੁੱਲ ਗਿਣਤੀ 22,273 ਸੀ ਅਤੇ ਆਇਤ 46 ਕਹਿੰਦੀ ਹੈ ਕਿ ਲੇਵੀਆਂ ਨਾਲੋਂ ਵਧੀਕ ਉੱਥੇ ਪਲੋਠੇ ਪੁੱਤਰਾਂ ਦੀ ਕੁੱਲ ਗਿਣਤੀ 273 ਸੀ। [5]LXX ਸਪਤਤੀ ਹੈ, ਇਬਰਾਨੀ ਬਾਈਬਲ ਦਾ ਯੂਨਾਨੀ ਅਨੁਵਾਦ, ਜੋ ਕਿ ਮਸੀਹ ਤੋਂ ਪਹਿਲਾਂ ਲਗਭਗ ਤੀਜੀ ਸਦੀ ਵਿਚ ਲਿਖਿਆ ਗਿਆ ਸੀ। [6]ਰੋਨਲਡ ਬੀ. ਐਲਨ *ਦੀ ਪੁਸਤਕ ਦਿ ਇਕਸਪੋਜੀਟਰਸ ਬਾਈਬਲ ਕਮੈਂਟਰੀ*, ਜਿਲਦ 2, *ਉਤਪਤ-ਗਿਣਤੀ*, ਸੰਪਾ. ਫਰੈਂਕ ਈ. ਗੀਬਲਿਨ (ਗ੍ਰੈਂਡ ਰੈਪਿਡਸ, ਮਿਸ਼ੀਗਨ: ਜ਼ੋਂਡੇਰਵਨ ਪਬਲਿਸ਼ਿੰਗ ਹਾਊਸ, 1990), 726. [7]ਜੇਮਸ ਬਰਟਨ ਕੌਫਮੈਨ, *ਕਮੈਂਟਰੀ ਆਨ ਲੇਵੀਆਂ ਦੀ ਪੋਥੀ ਐਂਡ ਗਿਣਤੀ: ਦ ਥਰਡ ਐਂਡ ਫੋਰਥ ਬੁਕਸ ਆਫ਼ ਮੋਜਜ* (ਐਬੀਲੀਨ, ਟੈਸਸਾਸ: ਏ.ਸੀ.ਯੂ. ਪ੍ਰੈਸ, 1987), 291. [8]ਸੀ. ਐਫ. ਕੀਲ ਅਤੇ ਐਫ. ਡੈਲਿਸ਼, *ਦ ਪੈਂਟਾਟੁਕ*, ਜਿਲਦ 3, ਅਨੁਵਾਦ, ਜੇਮਸ ਮਾਰਰਿਨ, ਬਿਬਲੀਕਲ ਕਮੈਂਟਰੀ ਆਨ ਦਿ ਓਲਡ ਟੈਸਟਾਮੈਂਟ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, ਮਿਤੀ ਉਪਲਬਧ ਨਹੀਂ ਹੈ), 9-11. [9]ਰੌਏ ਗੇਨ, ਲੇਵੀਆਂ ਦੀ ਪੋਥੀ, ਗਿਣਤੀ, ਦ ਐਨਆਈਵੀ ਐਪਲੀਕੇਸ਼ਨ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ੀਗਨ: ਜ਼ੋਂਡੇਰਵਨ, 2004), 513. [10]ਗੇਨ ਦੀ ਪੁਸਤਕ ਵਿੱਚੋਂ ਸਫ਼ਾ 516 ਤੋਂ ਲਿਆ ਗਿਆ ਹੈ।